ਪੇਪਰ ਪੰਜਾਬੀ-ਬੀ, ਦੁਹਰਾਈ ਸ਼ੀਟ-9
ਜਮਾਤ-ਦਸਵੀਂ
ਮਿਤੀ-06.04.2020

# ਭਾਸ਼ਾ ਅਤੇ ਪੰਜਾਬੀ ਭਾਸ਼ਾ

1. **ਭਾਸ਼ਾ** ਕਿਸ ਨੂੰ ਕਹਿੰਦੇ ਹਨ?
**ਉੱਤਰ:–** ਭਾਸ਼ਾ ਇੱਕ ਉਹ ਸਾਧਨ ਹੈ ਜਿਸ ਰਾਹੀਂ ਇੱਕ ਮਨੁੱਖ ਆਪਣੇ ਵਿਚਾਰ ਤੇ ਭਾਵ ਦੂਜੇ ਮਨੁੱਖਾਂ ਨਾਲ਼ ਸਾਂਝੇ ਕਰਦਾ ਹੈ।

2. ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਮਨੁੱਖ ਕਿਹੜੇ ਸਫ਼ਲ ਸਾਧਨ ਦੀ ਵਰਤੋਂ ਕਰਦਾ ਹੈ?
**ਉੱਤਰ:–** ਆਪਣੇ ਭਾਵਾਂ ਨੂੰ ਪ੍ਰਗਟਾਉਣ ਲਈ ਮਨੁੱਖ **ਭਾਸ਼ਾ** ਦੀ ਵਰਤੋਂ ਕਰਦਾ ਹੈ।

3. ਸਾਡੇ ਸੰਵਿਧਾਨ ਵਿੱਚ ਕਿੰਨੀਆਂ ਭਾਸ਼ਾਵਾਂ ਪ੍ਰਵਾਨਿਤ ਹਨ?
**ਉੱਤਰ:–** ਸਾਡੇ ਸੰਵਿਧਾਨ ਅਨੁਸਾਰ **22 ਭਾਸ਼ਾਵਾਂ** ਪ੍ਰਵਾਨਿਤ ਹਨ।
ਸੰਸਕ੍ਰਿਤ, ਹਿੰਦੀ, ਉਰਦੂ, ਕਸ਼ਮੀਰੀ, ਡੋਗਰੀ, ਪੰਜਾਬੀ, ਸਿੰਧੀ, ਨੇਪਾਲੀ, ਸੰਥਾਲੀ, ਬੰਗਲਾ, ਬੋਡੋ, ਅਸਾਮੀ, ਮਨੀਪੁਰੀ, ਗੁਜਰਾਤੀ, ਮਰਾਠੀ, ਮੈਥਿਲੀ, ਉੜੀਆ, ਕੌਂਕਣੀ, ਕੰਨੜ, ਮਲਿਆਲਮ, ਤਾਮਿਲ ਅਤੇ ਤੇਲਗੂ।

4. ਉਪਭਾਸ਼ਾ ਕੀ ਹੁੰਦੀ ਹੈ?
**ਉੱਤਰ:–**ਪੁਰਾਣੇ ਸਮਿਆਂ ਵਿੱਚ ਵਿਸ਼ੇਸ਼ ਭੂਗੋਲਿਕ ਸਥਿਤੀਆਂ ਹੋਣ ਕਾਰਨ ਅਤੇ ਆਵਾਜਾਈ ਦੀਆਂ ਸਹੂਲਤਾਂ ਨਾ ਹੋਣ ਕਾਰਨ ਇੱਕ ਖਿੱਤੇ ਦੇ ਲੋਕਾਂ ਦਾ ਦੂਸਰੇ ਖਿੱਤੇ ਦੇ ਲੋਕਾਂ ਨਾਲ਼ ਕੋਈ ਬਹੁਤਾ ਮੇਲ਼-ਜੋਲ਼ ਨਹੀਂ ਹੁੰਦਾ ਸੀ।ਇਸ ਤੋਂ ਇਲਾਵਾ ਸੰਚਾਰ-ਸਾਧਨਾਂ ਦਾ ਵੀ ਕੋਈ ਬਹੁਤਾ ਵਿਕਾਸ ਨਹੀਂ ਹੋਇਆ ਸੀ ਜਿਸ ਕਾਰਨ ਇੱਕ ਪ੍ਰਾਂਤ ਜਾਂ ਇਲਾਕੇ ਵਿੱਚ ਲੋਕਾਂ ਦੁਆਰਾ ਬੋਲੀ ਜਾਣ ਵਾਲ਼ੀ ਭਾਸ਼ਾ ਵਿੱਚ ਉਚਾਰਨ ਤੇ ਸ਼ਬਦਾਵਲੀ ਦੇ ਪੱਖ ਤੋਂ ਥੋੜ੍ਹਾ-ਬਹੁਤ ਅੰਤਰ ਜ਼ਰੂਰ ਹੁੰਦਾ ਸੀ। ਸੋ ਇੱਕ ਹੀ ਭਾਸ਼ਾ ਵਿੱਚ ਇਹਨਾਂ ਫ਼ਰਕਾਂ ਕਾਰਨ ਪ੍ਰਤੀਤ ਹੁੰਦੇ ਭਿੰਨ-ਭਿੰਨ ਰੂਪਾਂ ਨੂੰ ਉਸ ਭਾਸ਼ਾ ਦੀਆਂ **ਉਪਭਾਸ਼ਾਵਾਂ** ਕਿਹਾ ਜਾਂਦਾ ਹੈ।

5. ਪੰਜਾਬੀ ਦੀਆਂ ਉਪਭਾਸ਼ਾਵਾਂ ਕਿਹੜੀਆਂ-ਕਿਹੜੀਆਂ ਹਨ?
**ਉੱਤਰ:– ਮਾਝੀ, ਮਲਵਈ, ਦੁਆਬੀ, ਪੁਆਧੀ, ਪੋਠੋਹਾਰੀ, ਮੁਲਤਾਨੀ, ਡੋਗਰੀ**, ਪੰਜਾਬੀ ਭਾਸ਼ਾ ਦੀਆਂ ਉਪਭਾਸ਼ਾਵਾਂ ਹਨ।

6. ਪੰਜਾਬੀ ਦੀਆਂ **ਪੁਆਧੀ** ਅਤੇ **ਦੁਆਬੀ** ਉਪਭਾਸ਼ਾਵਾਂ ਕਿਹੜੇ-ਕਿਹੜੇ ਇਲਾਕੇ ਵਿੱਚ ਬੋਲੀਆਂ ਜਾਂਦੀਆਂ ਹਨ?
**ਉੱਤਰ:– ਪੁਆਧੀ–** ਜ਼ਿਲ੍ਹਾ ਰੂਪਨਗਰ (ਰੋਪੜ), ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲ਼ੇ ਦਾ ਪੂਰਬੀ ਹਿੱਸਾ, ਸੰਗਰੂਰ ਦਾ ਮਲੇਰਕੋਟਲੇ ਵੱਲ ਦਾ ਖੇਤਰ, ਫ਼ਤਿਹਗੜ੍ਹ ਸਾਹਿਬ ਦਾ ਪੂਰਬੀ ਹਿੱਸਾ ਅਤੇ ਹਰਿਆਣੇ ਵਿੱਚ ਅੰਬਾਲ਼ਾ ਦਾ ਪੱਛਮੀ ਹਿੱਸਾ।

**ਦੁਆਬੀ–** ਜ਼ਿਲ੍ਹਾ ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਅਤੇ ਸ਼ਹੀਦ ਭਗਤ ਸਿੰਘ ਨਗਰ

7. ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਆਪਸੀ ਅੰਤਰ ਕਿਉਂ ਪੈਦਾ ਹੋਏ ਅਤੇ ਹੁਣ ਕਿਉਂ ਘਟਦੇ ਜਾ ਰਹੇ ਹਨ?
**ਉੱਤਰ:– ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਦੀ ਕਮੀ ਕਾਰਨ** ਪੰਜਾਬੀ ਦੀਆਂ ਉਪਭਾਸ਼ਾਵਾਂ ਦੇ ਆਪਸੀ ਅੰਤਰ ਪੈਦਾ ਹੋਏ ਅਤੇ ਹੁਣ **ਆਵਾਜਾਈ ਅਤੇ ਸੰਚਾਰ ਦੇ ਸਾਧਨਾਂ ਦੇ ਵਿਕਸਿਤ ਹੋਣ ਕਾਰਨ** ਇਹ ਅੰਤਰ ਘਟਦੇ ਜਾ ਰਹੇ ਹਨ।


ਰੰਗ ਹਰਜਿੰਦਰ ਸਿੰਘ

ਸਟੇਟ ਰਿਸੋਰਸ ਪਰਸਨ, ਪੰਜਾਬੀ

9501400377